BRAMPTON

**Media Release**

ਤੁਰੰਤ ਰਿਲੀਜ ਲਈ

# ਮੇਅਰ ਬ੍ਰਾਊਨ, ਕਾਉਂਸਲਰਾਂ, ਲਾਈਵ ਸੰਗੀਤ ਦੇ ਨਾਲ, ਕਾਰ ਵਿੱਚ ਬੈਠੇ-ਬੈਠੇ ਹੀ ਕੈਨੇਡਾ ਡੇ ਦਾ ਅਨੁਭਵ ਲੈਣਾ ਨਾ ਭੁੱਲੋ

ਬ੍ਰੈਂਪਟਨ, ਓਨਟੈਰੀਓ (29 ਜੂਨ, 2020) – ਬ੍ਰੈਂਪਟਨ ਦੀ www.brampton.ca/canadaday ਤੇ ਔਨਲਾਈਨ ਕੈਨੇਡਾ ਡੇ (Canada Day) ਪ੍ਰੋਗਰਾਮਿੰਗ ਦੇ ਇਲਾਵਾ, ਮੇਅਰ ਪੈਟਰਿਕ ਬ੍ਰਾਊਨ ਅਤੇ ਕਾਉਂਸਲਰ, ਬ੍ਰੈਂਪਟਨ ਦੇ ਕੈਨੇਡਾ ਡੇ ਦਾ ਜਸ਼ਨ ਸੜਕ ਤੇ ਵੀ ਮਨਾ ਰਹੇ ਹਨ! ਕਾਉਂਸਿਲ ਦੇ ਮੈਂਬਰ, 1 ਜੁਲਾਈ ਨੂੰ ਹਰ ਵਾਰਡ ਜੋੜੀ ਵਿੱਚ, ਲਾਈਵ ਸੰਗੀਤ, ਫੂਡ ਟਰੱਕ ਅਤੇ ਲੋਕਲ ਬੇਕਰੀਆਂ ਤੋਂ ਮੁਫ਼ਤ ਬਿਸਕੁਟਾਂ (ਕੁਕੀਜ) ਦਾ ਪ੍ਰਬੰਧ ਕਰਨਗੇ।

ਇਹ ਵਿਅਕਤੀਗਤ ਜਸ਼ਨ, ਬ੍ਰੈਂਪਟਨ ਦੇ ਰੇਕ੍ਰੀਏਸ਼ਨ ਸੈਂਟਰ ਦੇ ਪਾਰਕਿੰਗ ਲੌਟਸ ਵਿੱਚ ਬਾਹਰ ਹੋਣਗੇ। ਨਿਵਾਸੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਕੋਵਿਡ-19 (COVID-19) ਨੂੰ ਫੈਲਣ ਤੋਂ ਰੋਕਣ ਲਈ ਆਪਣੇ ਵਾਹਨ ਵਿੱਚ ਆਉਣ ਅਤੇ ਅੰਦਰ ਹੀ ਬੈਠੇ ਰਹਿਣ। ਆਪਣੇ ਵਾਹਨਾਂ ਤੋਂ ਹੀ, ਨਿਵਾਸੀ ਲਾਈਵ ਸੰਗੀਤ ਦਾ ਅਨੰਦ ਮਾਣ ਸਕਦੇ ਹਨ ਅਤੇ ਫੂਡ ਟਰੱਕ ਦੀ, ਬਿਨਾਂ ਕਾਰ ਤੋਂ ਉੱਤਰੇ ਹੀ ਭੋਜਨ ਲੈਣ ਦੀ ਪ੍ਰਕਿਰਿਆ ਰਾਹੀਂ ਭੋਜਨ ਖਰੀਦ ਸਕਦੇ ਹਨ। ਮੇਅਰ ਅਤੇ ਵਾਰਡ ਕਾਉਂਸਲਰ, ਮਾਸਕ ਅਤੇ ਦਸਤਾਨੇ ਪਹਿਨ ਕੇ, ਸਮਾਨ ਖ਼ਤਮ ਹੋਣ ਤੱਕ, ਵਾਹਨਾਂ ਵਿੱਚ ਹੀ ਮੁਫ਼ਤ ਬਿਸਕੁਟ ਦੇਣਗੇ।

**ਸਵੇਰੇ 11 ਵਜੇ ਤੋਂ 11:45 ਵਜੇ ਤੱਕ: ਵਾਰਡਸ 1 ਅਤੇ 5**

340 ਵੋਡਨ ਸਟ੍ਰੀਟ ਈਸਟ (340 Vodden Street East) ਵਿਖੇ ਸੈਂਚੁਰੀ ਗਾਰਡਨਸ ਰੇਕ੍ਰੀਏਸ਼ਨ ਸੈਂਟਰ (Century Gardens Recreation Centre) ਵਿੱਚ ਜਾਓ, ਜਿੱਥੇ ਤੁਸੀਂ ਕਾਉਂਸਲਰਾਂ ਰੋਏਨਾ ਸੈਨਟੋਸ (Rowena Santos) ਅਤੇ ਪਾੱਲ ਵਿਸੇਂਟ (Paul Vicente) ਦੇ ਨਾਲ ਮੇਅਰ ਬ੍ਰਾਊਨ ਨੂੰ ਦੇਖੋਗੇ! ਦ ਜੈਜ਼ ਮਕੈਨਿਕਸ (The Jazz Mechanics) ਵੱਲੋਂ ਲਾਈਵ ਸੰਗੀਤ ਦਾ ਅਨੰਦ ਮਾਣੋ, ਦ ਮਾਈਟੀ ਕੋਬ (The Mighty Cob) ਤੋਂ ਭੋਜਨ ਖਰੀਦੋ ਅਤੇ ਲੋਕਲ ਬੇਕਰੀ ਓਕੇਜਨਸ (OccaSSions) ਤੋਂ ਸਨੈਕ ਦੇ ਤੌਰ ਤੇ ਮੁਫ਼ਤ ਬਿਸਕੁਟ ਪ੍ਰਾਪਤ ਕਰੋ।

**ਦੁਪਹਿਰ 12 ਵਜੇ ਤੋਂ 12:45 ਵਜੇ ਤੱਕ: ਵਾਰਡਸ 2 ਅਤੇ 6**

ਏਬਲੇਟ (Ablett) ਅਤੇ ਕੂਪਰ (Cooper) ਵੱਲੋਂ ਲਾਈਵ ਸੰਗੀਤ ਦਾ ਅਨੰਦ ਮਾਣਨ ਲਈ, ਦ ਮਾਈਟੀ ਕੋਬ ਤੋਂ ਭੋਜਨ ਖਰੀਦਣ ਅਤੇ ਲੋਕਲ ਗ੍ਰੈਂਡ ਬੇਕਰਸ (Grand Bakers) ਵੱਲੋਂ ਸਨੈਕ ਦੇ ਤੌਰ ਤੇ ਮੁਫ਼ਤ ਬਿਸਕੁਟ ਪ੍ਰਾਪਤ ਕਰਨ ਲਈ, 1050 ਸੈਂਡਲਵੁੱਡ ਪਾਰਕਵੇ ਵੈਸਟ (1050 Sandalwood Parkway West) ਵਿਖੇ ਕੈਸੀ ਕੈਂਪਬੈਲ ਕਮਿਉਨਿਟੀ ਸੈਂਟਰ (Cassie Campbell Community Centre) ਵਿੱਚ ਜਾਓ। ਮੇਅਰ ਬ੍ਰਾਊਨ ਅਤੇ ਕਾਉਂਸਲਰ, ਮਾਈਕਲ ਪਲੇਸ਼ੀ (Michael Palleschi) ਅਤੇ ਡਗ ਵ੍ਹਿਲੈਨਸ (Doug Whillans), ਸਿੱਧੇ ਤੁਹਾਡੇ ਵਾਹਨ ਵਿੱਚ ਬਿਸਕੁਟ ਪ੍ਰਦਾਨ ਕਰਨਗੇ।

**ਦੁਪਹਿਰ ਬਾਅਦ 1 ਵਜੇ ਤੋਂ 1:45 ਵਜੇ ਤੱਕ: ਵਾਰਡਸ 3 ਅਤੇ 4**

ਬ੍ਰੈਂਪਟਨ ਫੋਕ ਕਲੱਬ (Brampton Folk Club) ਵੱਲੋਂ ਲਾਈਵ ਸੰਗੀਤ ਦਾ ਅਨੰਦ ਮਾਣਨ ਲਈ, ਜੈਮੀਜ ਕ੍ਰੈਕਡ ਕੋਰਨ (Jamie’s Cracked Corn) ਤੋਂ ਭੋਜਨ ਖਰੀਦਣ ਅਤੇ ਲੋਕਲ ਕ੍ਰਿਸਟੀਨਾਜ ਟੋਰਟਿਨਾ ਸ਼ੌਪ (Cristina’s Tortina Shop) ਤੋਂ ਸਨੈਕ ਦੇ ਤੌਰ ਤੇ ਮੁਫ਼ਤ ਬਿਸਕੁਟ ਪ੍ਰਾਪਤ ਕਰਨ ਲਈ, 69 ਏਲਿਅਟ ਸਟ੍ਰੀਟ (69 Elliott Street) ਵਿਖੇ ਮੈਮੋਰੀਅਲ ਅਰੇਨਾ (Memorial Arena) ਵਿੱਚ ਜਾਓ। ਮੇਅਰ ਬ੍ਰਾਊਨ ਅਤੇ ਕਾਉਂਸਲਰ ਜੈਫ ਬੋਮੈਨ (Jeff Bowman) ਅਤੇ ਮਾਰਟਿਨ ਮੇਡੇਇਰੋਸ (Martin Medeiros), ਇਹ ਸਭ ਤੁਹਾਡੇ ਵਾਹਨ ਵਿੱਚ ਪ੍ਰਦਾਨ ਕਰਨਗੇ।

**ਦੁਪਹਿਰ ਬਾਅਦ 2 ਵਜੇ ਤੋਂ 2:45 ਵਜੇ ਤੱਕ: ਵਾਰਡਸ 7 ਅਤੇ 8**

ਸੈਲਟਿਕ ਬੈਂਡ ਐਰਿਨਜ ਮਾਰਲੋਰ (Celtic Band Erin's Marlore) ਵੱਲੋਂ ਲਾਈਵ ਸੰਗੀਤ ਦਾ ਅਨੰਦ ਮਾਣਨ ਲਈ, ਦ ਮਾਈਟੀ ਕੋਬ ਤੋਂ ਭੋਜਨ ਖਰੀਦਣ ਅਤੇ ਲੋਕਲ ਕੇਕਸ ਬਾਇ ਐਮਿਲੀ ਕੇ (Cakes by Emily K) ਵੱਲੋਂ ਸਨੈਕ ਦੇ ਤੌਰ ਤੇ ਮੁਫ਼ਤ ਬਿਸਕੁਟ ਪ੍ਰਾਪਤ ਕਰਨ ਲਈ, 1100 ਸੈਂਟਰਲ ਪਾਰਕ ਡ੍ਰਾਈਵ (1100 Central Park Drive) ਵਿਖੇ ਗ੍ਰੀਨਬਰਾਇਰ ਰੇਕ੍ਰੀਏਸ਼ਨ ਸੈਂਟਰ (Greenbriar Recreation Centre) ਵਿੱਚ ਜਾਓ। ਮੇਅਰ ਬ੍ਰਾਊਨ ਅਤੇ ਕਾਉਂਸਲਰ, ਪੈਟ ਫੋਰਟਿਨੀ (Pat Fortini) ਅਤੇ ਸ਼ਾਰਮੇਨ ਵਿਲੀਅਮਸ (Charmaine Williams) ਉੱਥੇ ਮੌਜੂਦ ਹੋਣਗੇ।

**ਦੁਪਹਿਰ ਬਾਅਦ 3 ਵਜੇ ਤੋਂ 3:45 ਵਜੇ ਤੱਕ: ਵਾਰਡਸ 9 ਅਤੇ 10**

ਬੱਗਾ ਸਿੰਘ (Bagga Singh) ਵੱਲੋਂ ਲਾਈਵ ਸੰਗੀਤ ਦਾ ਅਨੰਦ ਮਾਣਨ ਲਈ, ਦ ਮਾਈਟੀ ਕੋਬ ਤੋਂ ਭੋਜਨ ਖਰੀਦਣ ਅਤੇ ਲੋਕਲ ਬੇਕਰੀਆਂ, ਲੈਕੋਸਟ ਬੇਕਰੀ (Lacoste Bakery) ਅਤੇ ਕੁਕੀਜ ਬਾਇ ਡਿਜ਼ਾਈਨ (Cookies by Design) ਵੱਲੋਂ ਸਨੈਕ ਦੇ ਤੌਰ ਤੇ ਮੁਫ਼ਤ ਬਿਸਕੁਟ ਪ੍ਰਾਪਤ ਕਰਨ ਲਈ, 10150 ਦ ਗੋਰ ਰੋਡ (10150 The Gore Road) ਵਿਖੇ ਗੋਰ ਮੇਡੋਜ ਕਮਿਉਨਿਟੀ ਸੈਂਟਰ (Gore Meadows Community Centre) ਵਿੱਚ ਜਾਓ। ਇੱਥੇ, ਕਾਉਂਸਲਰ ਗੁਰਪ੍ਰੀਤ ਢਿੱਲੋਂ (Gurpreet Dhillon) ਅਤੇ ਹਰਕੀਰਤ ਸਿੰਘ (Harkirat Singh), ਮੇਅਰ ਬ੍ਰਾਊਨ ਨਾਲ ਜੁੜਨਗੇ।

**ਕੋਵਿਡ-19 ਤੋਂ ਸੁਰੱਖਿਆ ਉਪਾਅ**

ਕੋਵਿਡ-19 ਨੂੰ ਫੈਲਣ ਤੋਂ ਰੋਕਣ ਲਈ, ਸਰੀਰਕ ਦੂਰੀ ਜਿਹੇ ਉਪਾਅ ਲਾਗੂ ਹੋਣਗੇ। ਨਿਵਾਸੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਬਿਨਾਂ ਕਾਰ ਤੋਂ ਉੱਤਰਣ ਵਾਲੇ ਕੈਨੇਡਾ ਡੇ ਦੇ ਜਸ਼ਨ ਦਾ ਅਨੰਦ ਮਾਣਨ ਲਈ ਆਪਣੇ ਵਾਹਨਾਂ ਵਿੱਚ ਹੀ ਰਹਿਣ। ਸਿਟੀ, ਸ਼ਾਮਲ ਹੋਣ ਵਾਲਿਆਂ ਨੂੰ ਬੇਨਤੀ ਕਰਦੀ ਹੈ ਕਿ ਉਹ ਮਾਸਕ ਪਹਿਣਨ ਅਤੇ ਹੈਂਡ ਸੈਨੀਟਾਈਜ਼ਰ ਜਾਂ ਵਾਈਪਸ ਜਿਹੇ, ਖੁਦ ਦੇ ਰੋਗਾਣੂ-ਨਾਸ਼ਕ ਪਦਾਰਥ ਆਪਣੇ ਨਾਲ ਰੱਖਣ।

**ਕੈਨੇਡਾ ਡੇ ਦਾ ਜਸ਼ਨ – ਔਨਲਾਈਨ ਮਨਾਓ!**

ਆਪਣੇ ਘਰਾਂ ਵਿੱਚ ਹੀ ਕੈਨੇਡਾ ਡੇ ਦਾ ਜਸ਼ਨ ਮਨਾਉਣ ਵਿੱਚ, ਬ੍ਰੈਂਪਟਨ ਵਾਸੀਆਂ ਦੀ ਮਦਦ ਕਰਨ ਲਈ, ਸਿਟੀ www.brampton.ca/canadaday ਤੇ ਔਨਲਾਈਨ ਜਸ਼ਨ ਮਨਾ ਰਹੀ ਹੈ। 1 ਜੁਲਾਈ ਨੂੰ ਦੁਪਹਿਰ ਤੋਂ ਲੈ ਕੇ ਰਾਤ 10 ਵਜੇ ਤੱਕ, ਨਿਵਾਸੀ ਪਰਿਵਾਰ-ਅਨੁਕੂਲਿਤ ਗਤੀਵਿਧੀਆਂ, ਪਟਾਕਿਆਂ ਦੇ ਆਭਾਸੀ (ਵਰਚੁਅਲ) ਡਿਸਪਲੇ, ਪਰਿਵਾਰ ਦੇ ਮਨਪਸੰਦ ਕਲਾਕਾਰਾਂ ਅਤੇ ਜੂਨੋ (JUNO) ਅਵਾਰਡ-ਜੇਤੂ ਸਪਲੈਸ਼ ਐਨ ਬੂਟਸ (Splash'N Boots), ਲੋਕਲ ਕਲਾਕਾਰਾਂ, ਜੂਨੋ ਅਵਾਰਡ-ਜੇਤੂ ਮੁੱਖ ਪ੍ਰਦਰਸ਼ਕ, ਵਾਕ ਆਫ ਦ ਅਰਥ (Walk Off The Earth) ਦੇ ਪ੍ਰਦਰਸ਼ਨਾਂ ਦਾ ਅਨੰਦ ਮਾਣ ਸਕਦੇ ਹਨ।

ਹੋਰ ਜਾਣਕਾਰੀ ਲਈ, www.brampton.ca/canadaday ਤੇ ਜਾਓ।

**ਹਵਾਲੇ**

"ਕੈਨੇਡਾ ਡੇ, ਬ੍ਰੈਂਪਟਨ ਦਾ ਸਭ ਤੋਂ ਵੱਡਾ ਕਾਰਜਕਰਮ ਹੈ। ਹਾਲਾਂਕਿ ਇਸ ਸਾਲ ਅਸੀਂ ਚਿੰਗਕੂਜ਼ੀ ਪਾਰਕ ਵਿਖੇ ਵਿਅਕਤੀਗਤ ਰੂਪ ਨਾਲ ਜਸ਼ਨ ਦਾ ਆਯੋਜਨ ਨਹੀਂ ਕਰ ਸਕਦੇ, ਇਸਲਈ ਅਸੀਂ, ਕੋਵਿਡ-19 ਤੋਂ ਸੁਰੱਖਿਆ ਉਪਾਵਾਂ ਨੂੰ ਉੱਚ ਤਰਜੀਹ ਦਿੰਦੇ ਹੋਏ, ਵਿਅਕਤੀਗਤ ਰੂਪ ਨਾਲ ਕੈਨੇਡਾ ਡੇ ਦਾ ਜਸ਼ਨ ਮਨਾਉਣ ਦਾ ਤਰੀਕਾ ਕੱਢਿਆ ਹੈ। 1 ਜੁਲਾਈ ਨੂੰ ਹੈਲੋ ਆਖੋ, ਅਤੇ ਫਿਰ ਔਨਲਾਈਨ ਜਸ਼ਨ ਮਨਾਉਣ ਲਈ ਘਰ ਜਾਓ!"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਇਕੱਠੇ ਕੈਨੇਡਾ ਡੇ ਦਾ ਜਸ਼ਨ ਮਨਾਉਣ ਲਈ ਅਸੀਂ, ਸੁਰੱਖਿਅਤ ਅਤੇ ਸਿਹਤਮੰਦ ਤਰੀਕੇ ਨਾਲ ਨਿਵਾਸੀਆਂ ਨੂੰ ਮਿਲਣ ਲਈ ਬੇਹੱਦ ਉਤਸ਼ਾਹਿਤ ਹਾਂ। ਮੈਂ ਹਰ ਕਿਸੇ ਨੂੰ ਸਲਾਹ ਦਿੰਦਾ ਹਾਂ ਕਿ ਮਾਸਕ ਪਹਿਨੋ, ਪੂਰੀ ਤਰ੍ਹਾਂ ਸਫਾਈ ਅਤੇ ਸਰੀਰਕ ਦੂਰੀ ਕਾਇਮ ਰੱਖੋ ਅਤੇ ਭੋਜਨ, ਸੰਗੀਤ ਅਤੇ ਮਜ਼ੇਦਾਰ ਗਤੀਵਿਧੀਆਂ ਲਈ ਵਿਅਕਤੀਗਤ ਰੂਪ ਨਾਲ ਸਾਡੇ ਨਾਲ ਜੁੜੋ। ਉਸਦੇ ਬਾਅਦ, www.brampton.ca/canadaday ਤੇ ਔਨਲਾਈਨ ਪ੍ਰਦਰਸ਼ਨਾਂ ਅਤੇ ਪਟਾਕਿਆਂ ਦੇ ਡਿਸਪਲੇ ਦਾ ਅਨੰਦ ਮਾਣੋ।"

- *ਗੁਰਪ੍ਰੀਤ ਢਿੱਲੋਂ (Gurpreet Dhillon), ਰੀਜਨਲ ਕਾਉਂਸਲਰ, ਵਾਰਡਸ 9 ਅਤੇ 10, ਸਿਟੀ ਆਫ ਬ੍ਰੈਂਪਟਨ; ਚੇਅਰ, ਇਕੋਨੋਮਿਕ ਡੈਵਲੈਪਮੈਂਟ ਐਂਡ ਕਲਚਰ*

"ਜਿਵੇਂ ਕਿ ਅਸੀਂ ਸੁਰੱਖਿਅਤ ਰੂਪ ਨਾਲ ਸਿਟੀ ਨੂੰ ਦੁਬਾਰਾ ਖ੍ਹੋਲ ਰਹੇ ਹਾਂ, ਕੈਨੇਡਾ ਦੀ ਵਰ੍ਹੇਗੰਢ ਮਨਾਉਣ ਵਿੱਚ ਸਾਡਾ ਭਾਈਚਾਰਾ ਇਕੱਠੇ ਜੁੜ ਰਿਹਾ ਹੈ, ਮੈਂ ਹਰ ਕਿਸੇ ਨੂੰ ਸਲਾਹ ਦਿੰਦਾ ਹਾਂ ਕਿ ਜਸ਼ਨਾਂ ਵਿੱਚ ਹਿੱਸਾ ਲਵੋ ਅਤੇ ਸਰੀਰਕ ਦੂਰੀ ਕਾਇਮ ਰੱਖ ਕੇ, ਵੱਧ ਤੋਂ ਵੱਧ ਸੁਰੱਖਿਅਤ ਰੂਪ ਨਾਲ ਜਸ਼ਨ ਮਨਾਓ ਅਤੇ ਪੂਰੇ ਬ੍ਰੈਂਪਟਨ ਵਿੱਚ ਲਾਈਵ ਮਨੋਰੰਜਨ ਦਾ ਅਨੰਦ ਮਾਣੋ।"

- *ਮਾਰਟਿਨ ਮੇਡੇਇਰੋਸ (Martin Medeiros), ਰੀਜਨਲ ਕਾਉਂਸਲਰ, ਵਾਰਡਸ 3 ਅਤੇ 4; ਲੀਡ, ਰੀਓਪਨਿੰਗ ਐਂਡ ਰਿਕਵਰੀ ਵਰਕਿੰਗ ਗਰੁੱਪ, ਸਿਟੀ ਆਫ ਬ੍ਰੈਂਪਟਨ*

"ਮੇਅਰ ਅਤੇ ਤੁਹਾਡੇ ਕਾਉਂਸਲਰਾਂ ਨੂੰ ਮਿਲਣ ਤੋਂ ਲੈ ਕੇ, ਲਾਈਵ ਮਨੋਰੰਜਨ, ਔਨਲਾਈਨ ਪ੍ਰਦਰਸ਼ਨਾਂ, ਪਰਿਵਾਰ-ਅਨੁਕੂਲਿਤ ਗਤੀਵਿਧੀਆਂ ਅਤੇ ਪਟਾਕਿਆਂ ਦੇ ਡਿਸਪਲੇ ਤੱਕ, ਇਸ ਕੈਨੇਡਾ ਡੇ ਦਾ ਜਸ਼ਨ ਮਨਾਉਣ ਲਈ ਹਰ ਕਿਸੇ ਵਾਸਤੇ ਸਿਹਤਮੰਦ ਅਤੇ ਸੁਰੱਖਿਅਤ ਤਰੀਕੇ ਅਪਨਾਏ ਜਾ ਰਹੇ ਹਨ। ਕਿਰਪਾ ਕਰਕੇ ਸੁਰੱਖਿਅਤ ਰਹੋ, ਸਰੀਰਕ ਦੂਰੀ ਕਾਇਮ ਰੱਖੋ ਅਤੇ ਆਪਣੇ ਘਰ ਤੋਂ ਹੀ ਔਨਲਾਈਨ ਰਾਤ ਤੱਕ ਜਸ਼ਨ ਖ਼ਤਮ ਕਰੋ।"

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca